# ਫਾਰਮ-8ੳ

(ਵੇਖੋ ਨਿਯਮ 13(4) ਅਤੇ 26)

## ਵੋਟਰ ਸੂਚੀ ਵਿਚ ਇੰਦਰਾਜ ਦੀ ਅਦਲਾ ਬਦਲੀ ਲਈ ਬਿਨੈ-ਪੱਤਰ

ਸੇਵਾ ਵਿਖੇ

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,

................................ਵਿਧਾਨ ਸਭਾ/£ ਲੋਕ ਸਭਾ ਚੋਣ ਹਲਕਾ

ਹਾਲ ਹੀ ਵਿਚ ਖੀਚਿਆ ਗਿਆ ਪਾਸਪੋਰਟ ਸਾਈਜ਼ ਦਾ ਫੋਟੋ (3.5 ਸੈਂ.ਮੀ. X 3.5 ਸੈਂ.ਮੀ) ਜਿਸ ਵਿਚ ਇਸ ਬਕਸੇ ਦੇ ਅੰਦਰ ਪੂਰੇ ਚੇਹਰੇ ਦੀ ਸਾਹਮਣੇ ਤੋਂ ਸ਼ਕਲ ਸਪਸ਼ਟ ਹੋਵੇ. ਚਿਪਕਾਉਣ ਲਈ ਥਾਂ

ਸ੍ਰੀਮਾਨ ਜੀ,

ਮੈਂ ਬੇਨਤੀ ਕਰਦਾ/ਕਰਦੀ ਹਾਂ ਕਿ ਹੇਠਾਂ ਵਰਣਿਤ ਵਿਅਕਤੀ ਦੇ ਸਬੰਧ ਵਿਚ ਉਪਰੋਕਤ ਦਰਜ ਚੋਣ ਹਲਕੇ ਲਈ ਵੋਟਰ ਸੂਚੀ ਵਿਚ ਕੀਤੇ ਇੰਦਰਾਜ ਨੂੰ ਬਦਲ ਕੇ ਇਸ ਚੋਣ ਹਲਕੇ ਦੀ ਸੂਚੀ ਦੇ ਢੁਕਵੇਂ ਹਿੱਸੇ ਵਿੱਚ ਪਾਇਆ ਜਾਵੇ। ਇੰਦਰਾਜ ਵਿਚ ਬਦਲੇ ਜਾਣ ਵਾਲੇ ਵੇਰਵੇ ਹੇਠਾਂ ਦਿੱਤੇ ਜਾਂਦੇ ਹਨ:

| | | | |
|---|---|---|---|
| **I. ਉਸ ਵਿਅਕਤੀ ਦੇ ਵੇਰਵ ਜਿਸ ਦੇ ਇੰਦਰਾਜ ਵਿਚ ਅਦਲਾ ਬਦਲੀ ਕੀਤੀ ਜਾਣੀ ਹੈ।** | ਨਾਮ | | ਉਪ ਨਾਮ (ਜੇ ਕੋਈ ਹੈ) |
| | | | |
| | **ਉਸ ਵੋਟਰ ਸੂਚੀ ਦਾ ਭਾਗ ਨੰਬਰ ਜਿਸ ਵਿਚ ਉਸ ਦਾ ਨਾਮ ਸ਼ਾਮਿਲ ਕੀਤਾ ਗਿਆ ਹੈ:** | **ਉਸ ਭਾਗ ਵਿਚ ਉਸ ਦਾ ਲੜੀ ਨੰਬਰ** | **ਵੋਟਰ ਦਾ ਫੋਟੋ ਸ਼ਨਾਖਤੀ ਕਾਰਡ ਨੰਬਰ (ਜੇਕਰ ਜਾਰੀ ਕੀਤਾ ਗਿਆ):** |
| * ਪਿਤਾ/ਮਾਤਾ/ਪਤੀ ਦਾ ਨਾਮ | ਨਾਮ | | ਉਪ ਨਾਮ (ਜੇ ਕੋਈ ਹੈ) |
| | | | |

| | | | | | | | |
|---|---|---|---|---|---|---|---|
| **II. ਸਾਧਾਰਣ ਰਿਹਾਇਸ਼ ਦਾ ਵੇਰਵਾ (ਪੂਰਾ ਪਤਾ):** | | | | | | | |
| ਮਕਾਨ/ਘਰ ਨੰਬਰ: | | | | | | | |
| ਗਲੀ/ਖੇਤਰ/ਇਲਾਕਾ/ਮੁੱਹਲਾ/ਸੜਕ: | | | | | | | |
| ਸ਼ਹਿਰ/ਪਿੰਡ: | | | | | | | |
| ਡਾਕਖਾਨਾ: | ਪਿਨ ਕੋਡ | | | | | | |
| ਤਹਿਸੀਲ/ਤਾਲੁਕਾ/ਮੰਡਲ/ਥਾਣਾ: | | | | | | | |
| ਜ਼ਿਲ੍ਹਾ: | | | | | | | |

| | | |
|---|---|---|
| **III. ਬਿਨੈ ਪੱਤਰ ਦੀ ਮਿਤੀ ਤੇ ਉਪਰੋਕਤ ਪਤੇ ਤੇ ਨਿਰੰਤਰ ਰਿਹਾਇਸ਼ ਦਾ ਸਮਾਂ** | **ਸਾਲ :** | **ਮਹੀਨੇ:** |
| | | |
| **IV.** ਭਾਗ ਨੰਬਰ ਜਿਸ ਵਿਚ ਇੰਦਰਾਜ ਬਦਲਿਆ ਗਿਆ ਹੈ (ਜੇਕਰ ਪਤਾ ਹੋਵੇ): | | |

| | | | |
|---|---|---|---|
| **@V. ਬਿਨੈਕਾਰ ਦੇ ਵੇਰਵੇ:** | ਨਾਮ | | ਉਪ ਨਾਮ (ਜੇ ਕੋਈ ਹੈ) |
| | | | |
| | **ਉਸ ਵੋਟਰ ਸੂਚੀ ਦਾ ਭਾਗ ਨੰਬਰ ਜਿਸ ਵਿਚ ਉਸ ਦਾ ਨਾਮ ਸ਼ਾਮਿਲ ਕੀਤਾ ਗਿਆ ਹੈ:** | **ਉਸ ਭਾਗ ਵਿਚ ਉਸ ਦਾ ਲੜੀ ਨੰਬਰ** | **ਵੋਟਰ ਦਾ ਫੋਟੋ ਸ਼ਨਾਖਤੀ ਕਾਰਡ ਨੰਬਰ (ਜੇਕਰ ਜਾਰੀ ਕੀਤਾ ਗਿਆ):** |

* ਅਣਉਚਿਤ ਵਿਕਲਪ ਕੱਟ ਦਿਓ।.

@ ਭਾਗ 5 ਨੂੰ ਨਾ ਭਰਿਆ ਜਾਵੇ ਜਿਥੇ ਬਿਨੈਕਾਰ ਆਪਣੇ ਬਾਰੇ ਇੰਦਰਾਜ ਦੀ ਬਦਲੀ ਕਰਵਾਉਣਾ ਚਾਹੁੰਦਾ ਹੈ।

**VI.** ਘੋਸ਼ਣਾ **:**

ਮੈਂ ਇਸ ਰਾਹੀਂ ਇਹ ਘੋਸ਼ਣਾਂ ਕਰਦਾ ਹਾਂ ਕਿ ਉਪਰੋਕਤ ਵਰਣਿਤ ਵੇਰਵੇ ਮੇਰੇ ਗਿਆਨ ਤੇ ਵਿਸ਼ਵਾਸ ਦੇ ਅਨੁਸਾਰ ਸੱਚੇ ਹਨ।

ਪਤਾ **:** ਮਿਤੀ **:** **ਬਿਨੈਕਾਰ ਦੇ ਹਸਤਾਖਰ ਜਾਂ ਅੰਗੂਠੇ ਦਾ ਨਿਸ਼ਾਨ**

**ਨੋਟ:-** ਕੋਈ ਵਿਅਕਤੀ ਜੋ ਅਜਿਹਾ ਬਿਆਨ ਜਾਂ ਘੋਸ਼ਣਾ ਕਰਦਾ ਹੈ ਜਾਂ ਜਿਸ ਬਾਰੇ ਉਹ ਜਾਣਦਾ ਜਾਂ ਵਿਸ਼ਵਾਸ ਕਰਦਾ ਹੈ ਕਿ ਉਹ ਗਲਤ ਹੈ ਜਾਂ ਉਸਨੂੰ ਇਹ ਲਗਦਾ ਹੈ ਕਿ ਠੀਕ ਨਹੀਂ ਹੈ, ਉਹ ਲੋਕ ਪ੍ਰਤੀਨਿਧਤਾ ਐਕਟ 1950 (1950 ਦਾ 43) ਦੀ ਧਾਰਾ 31 ਅਧੀਨ ਦੰਡ ਯੋਗ ਹੈ।

**ਕੀਤੀ ਗਈ ਕਾਰਵਾਈ ਦਾ ਵੇਰਵਾ**
**(ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੁਆਰਾ ਭਰਿਆ ਜਾਵੇ।)**

ਸ੍ਰੀ/ਸ੍ਰੀਮਤੀ/ਕੁਮਾਰੀ................................................................................. ਦਾ ਬਿਨੈ-ਪੱਤਰ ਜੋ ਫਾਰਮ-8ੳ ਵਿਚ ਵੋਟਰ ਸੂਚੀ ਵਿਚ ਇੰਦਰਾਜ ਦੀ ਬਦਲੀ ਸਬੰਧੀ ਵਿੱਚ ਸਵੀਕਾਰ* /ਰੱਦ * ਕੀਤਾ ਗਿਆ ਹੈ।

ਨਿਯਮ 26(4) ਦੇ ਅਧੀਨ ਪ੍ਰਵਾਨ ਕਰਨ ਜਾਂ ਰੱਦ ਕਰਨ ਦੇ ਵਿਸਥਾਰ ਸਹਿਤ ਕਾਰਣ।

| | | |
|---|---|---|
| ਸਥਾਨਃ<br><br>ਮਿਤੀਃ | ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੇ ਹਸਤਾਖਰ | ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਮੋਹਰ |

* ਅਣਉਚਿਤ ਵਿਕਲਪ ਕੱਟ ਦਿਓ।

**ਬਿਨੈ ਪੱਤਰ ਦੀ ਰਸੀਦ**

**ਸ਼੍ਰੀ/ਸ਼੍ਰੀਮਤੀ/ਕੁਮਾਰੀ..........................................................................................................................................
ਪਤਾ.................................................................................................................ਦਾ ਬਿਨੈ ਪੱਤਰ ਫਾਰਮ-8 ਪ੍ਰਾਪਤ ਕੀਤਾ।

ਮਿਤੀ.............................

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ ਦੀ ਤਰਫੋਂ
ਬਿਨੈ ਪੱਤਰ ਪ੍ਰਾਪਤ ਕਰਨ ਵਾਲੇ ਅਫਸਰ ਦੇ ਹਸਤਾਖਰ
(ਪਤਾ).......................................................
.......................................................

** ਬਿਨੈਕਾਰ ਦੁਆਰਾ ਭਰਿਆ ਜਾਵੇ।

---

# ਫਾਰਮ - 8ਓ ਭਰਨ ਲਈ ਦਿਸ਼ਾ ਨਿਰਦੇਸ਼

## ਫਾਰਮ - 8ਓ ਕੌਣ ਭਰ ਸਕਦਾ ਹੈ

1. ਜਿਸ ਵਿਅਕਤੀ ਦਾ ਨਾਮ ਪਹਿਲਾਂ ਤੋਂ ਹੀ ਵੋਟਰ ਸੂਚੀ ਵਿਚ ਸ਼ਾਮਲ ਹੈ ਉਹੀ ਉਸੇ ਚੋਣ ਹਲਕੇ ਵਿਚ ਦਰਜ ਇੰਦਰਾਜ ਨੂੰ ਦੂਜੇ ਥਾਂ ਤੇ ਤਬਦੀਲ ਕਰਨ ਲਈ ਬਿਨੈ-ਪੱਤਰ ਭਰ ਸਕਦਾ ਹੈ।

## ਫਾਰਮ - 8ਓ ਕਦੋਂ ਦਾਖਲ ਕੀਤਾ ਜਾ ਸਕਦਾ ਹੈ

1. ਉਸੇ ਚੋਣ ਹਲਕੇ ਵਿਚ ਆਪਣੇ ਜਾਂ ਕਿਸੀ ਹੋਰ ਨਾਲ ਸਬੰਧਤ ਤਬਦੀਲੀ ਕਰਨ ਲਈ ਵੋਟਰ ਸੂਚੀ ਦੀ ਮੁੱਢਲੀ ਪ੍ਰਕਾਸ਼ਨਾ ਤੋਂ ਬਾਅਦ ਬਿਨੈ-ਪੱਤਰ ਦਾਖਲ ਕੀਤਾ ਜਾ ਸਕਦਾ ਹੈ। ਬਿਨੈ-ਪੱਤਰ, ਇਸ ਮੰਤਵ ਦੇ ਲਈ ਮਿਥੇ ਦਿਨਾਂ ਦੇ ਅੰਦਰ ਹੀ ਦਾਖਲ ਕੀਤਾ ਜਾਣਾ ਹੁੰਦਾ ਹੈ। ਜਦੋਂ ਸੁਧਾਈ ਦੇ ਪ੍ਰੋਗ੍ਰਾਮ ਦੀ ਘੋਸ਼ਣਾ ਹੁੰਦੀ ਹੈ, ਤਾਂ ਮਿਥੇ ਸਮੇਂ ਦਾ ਖੁਲ੍ਹਾ ਪ੍ਰਚਾਰ ਕੀਤਾ ਜਾਂਦਾ ਹੈ।

2. ਬਿਨੈ-ਪੱਤਰ ਦੀ ਕੇਵਲ ਇਕ ਕਾਪੀ ਹੀ ਦਾਖਲ ਕਰਨੀ ਹੁੰਦੀ ਹੈ।

3. ਸੁਧਾਈ ਪ੍ਰੋਗ੍ਰਾਮ ਜਾਰੀ ਨਹੀਂ ਰਹਿਣ ਤੇ ਵੀ ਅੰਤਮ ਵੋਟਰ ਸੂਚੀ ਵਿਚ ਆਪਣੇ ਨਾਲ ਸਬੰਧਤ ਇੰਦਰਾਜ ਤਬਦੀਲ ਕਰਨ ਲਈ ਬਿਨੈ-ਪੱਤਰ ਸਾਲ ਵਿਚ ਕਦੇ ਵੀ ਦਾਖਲ ਕੀਤਾ ਜਾ ਸਕਦਾ ਹੈ। ਜਦੋਂ ਸੁਧਾਈ ਨਾ ਹੋਵੇ ਤਾਂ ਇਸ ਦੌਰਾਨ ਬਿਨੈ-ਪੱਤਰ ਦੋ ਪਰਤਾਂ ਵਿਚ ਦਾਖਲ ਕੀਤਾ ਜਾਣਾ ਚਾਹੀਦਾ ਹੈ।

## ਫਾਰਮ - 8ਓ ਕਿਥੇ ਦਾਖਲ ਕੀਤਾ ਜਾਵੇ

1. ਸੁਧਾਈ ਦੇ ਸਮੇਂ ਦੌਰਾਨ ਬਿਨੈ-ਪੱਤਰ ਉਨ੍ਹਾਂ ਦੱਸੇ ਸਥਾਨਾਂ (ਖਾਸ ਕਰਕੇ ਮਤਦਾਨ ਕੇਂਦਰ ਤੇ) ਜਿਥੇ ਮੁੱਢਲੀ ਵੋਟਰ ਸੂਚੀ ਪ੍ਰਕਾਸ਼ਿਤ ਕੀਤੀ ਜਾਂਦੀ ਹੈ, ਦੇ ਨਾਲ ਨਾਲ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਅਤੇ ਸਹਾਇਕ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਦਾਖਲ ਕੀਤਾ ਜਾ ਸਕਦਾ ਹੈ।

2. ਸਾਲ ਦੇ ਹੋਰ ਸਮੇਂ ਦੌਰਾਨ ਜਦੋਂ ਸੁਧਾਈ ਦਾ ਕੰਮ ਨਹੀਂ ਚੱਲ ਰਿਹਾ ਹੋਵੇ, ਤੱਦ ਬਿਨੈ-ਪੱਤਰ ਕੇਵਲ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਕੋਲ ਹੀ ਦਾਖਲ ਕੀਤਾ ਜਾ ਸਕਦਾ ਹੈ।

## ਫਾਰਮ - 8ਓ ਕਿਵੇਂ ਭਰੀਏ

1. ਬਿਨੈ-ਪੱਤਰ ਉਸ ਚੋਣ ਹਲਕੇ ਦੇ ਚੋਣਕਾਰ ਰਜਿਸਟ੍ਰੇਸ਼ਨ ਅਫਸਰ ਨੂੰ ਸੰਬੋਧਿਤ ਕੀਤਾ ਜਾਣਾ ਚਾਹੀਦਾ ਹੈ, ਜਿਥੇ ਬਿਨੈਕਾਰ ਸਬੰਧਤ ਇੰਦਰਾਜ ਨੂੰ ਤਬਦੀਲ ਕਰਵਾਉਣਾ ਚਾਹੁੰਦਾ ਹੈ। ਖਾਲੀ ਥਾਂ ਵਿਚ ਚੋਣ ਹਲਕੇ ਦਾ ਨਾਮ ਲਿਖਿਆ ਜਾਣਾ ਚਾਹੀਦਾ ਹੈ।

2. ਬਿਨੈ-ਪੱਤਰ ਦੇ ਭਾਗ I ਵਿਚ ਨਾਮ, ਭਾਗ ਨੰਬਰ, ਲੜੀ ਨੰਬਰ ਜਿਥੇ ਨਾਮ ਪਹਿਲਾ ਤੋਂ ਦਰਜ ਹੈ, ਫੋਟੋ ਸ਼ਨਾਖਤੀ ਕਾਰਡ ਨੰਬਰ ਅਤੇ ਰਿਸ਼ਤੇਦਾਰ ਦਾ ਨਾਮ (ਜਿਵੇਂ ਕਿ ਵੋਟਰ ਸੂਚੀ ਵਿਚ ਛਪਿਆ ਹੈ) ਭਰੋ।

3. ਬਿਨੈ-ਪੱਤਰ ਦੇ ਭਾਗ II ਵਿਚ ਕਿਰਪਾ ਕਰਕੇ ਨਵੀਂ ਥਾਂ ਦਾ ਪੂਰਾ ਪਤਾ ਲਿਖੋ ਜਿਥੇ ਤੁਸੀਂ ਜਾਂ ਸਬੰਧਤ ਵਿਅਕਤੀ ਨੇ ਚੋਣ ਹਲਕੇ ਦੇ ਅੰਦਰ ਆਪਣੀ ਆਮ ਰਿਹਾਇਸ਼ ਬਦਲ ਲਈ ਹੈ। ਕਿਰਪਾ ਕਰਕੇ ਅਧੂਰਾ ਪਤਾ ਨਾ ਲਿਖੋ ਕਿਉਂਕਿ ਅਜਿਹਾ ਕਰਨ ਨਾਲ ਸੰਭਵ ਹੈ ਕਿ ਤੁਹਾਡੇ ਦੁਆਰਾ ਦਿੱਤੇ ਗਏ ਪਤੇ ਨੂੰ ਸਹੀ ਭਾਗ ਨਾਲ ਜੋੜਨਾ ਸੰਭਵ ਨਹੀਂ ਹੋਵੇਗਾ।

4. ਬਿਨੈ-ਪੱਤਰ ਦੇ ਭਾਗ III ਵਿਚ, ਬਿਨੈ-ਪੱਤਰ ਦੇ ਭਾਗ II ਵਿਚ ਦਰਸਾਏ ਨਵੇਂ ਪਤੇ ਤੇ ਕਿੰਨੇ ਸਮੇਂ ਤੋਂ ਲਗਾਤਾਰ ਨਿਵਾਸੀ ਹੈ, ਇਸ ਗੱਲ ਦਾ ਵੇਰਵਾ ਦਿੱਤਾ ਜਾਣਾ ਹੈ।

5. ਬਿਨੈ-ਪੱਤਰ ਦੇ ਭਾਗ IV ਵਿਚ ਵੋਟਰ ਸੂਚੀ ਦੇ ਉਸ ਭਾਗ ਦਾ ਨੰਬਰ ਲਿਖੋ, ਜਿਸ ਭਾਗ ਵਿਚ ਨਵੀਂ ਥਾਂ ਦੇ ਨਿਵਾਸੀ, ਜਿਥੇ ਤੁਸੀਂ ਤਬਦੀਲ ਹੋਏ ਹੋ, ਲਿਖਿਆ ਹੈ। ਇਹ ਇੰਦਰਾਜ ਵਿਕਲਪਿਕ ਹੈ। ਜੇਕਰ ਤੁਹਾਨੂੰ ਵੋਟਰ ਸੂਚੀ ਦੇ ਭਾਗ ਨੰਬਰ ਦਾ ਪਤਾ ਨਹੀਂ ਹੈ ਤਾਂ ਖਾਲੀ ਥਾਂ ਛੱਡ ਦਿਓ।

6. ਬਿਨੈ-ਪੱਤਰ ਦੇ ਭਾਗ V ਵਿਚ ਨਹੀਂ ਭਰਿਆ ਜਾਣਾ ਜਿਥੇ ਆਪਣੇ ਨਾਲ ਸਬੰਧਤ ਇੰਦਰਾਜ ਦੀ ਤਬਦੀਲੀ ਕਾਰਣ ਬਿਨੈ-ਪੱਤਰ ਦਿੱਤਾ ਗਿਆ ਹੈ। ਇਹ ਭਾਗ ਉਸੀ ਵੇਲੇ ਭਰਿਆ ਜਾਣਾ ਹੈ ਜੇਕਰ ਬਿਨੈਕਾਰ ਕਿਸੀ ਹੋਰ ਵਿਅਕਤੀ ਦੇ ਇੰਦਰਾਜ ਦੀ ਤਬਦੀਲੀ ਲਈ ਬਿਨੈ ਕਰਦਾ ਹੈ।